15ਵੀਂ ਵਿਧਾਨ ਸਭਾ
ਗਿਆਰਵਾਂ ਸਮਾਗਮ

ਪੰਜਾਬ ਵਿਧਾਨ ਸਭਾ
ਬੁਲੇਟਿਨ ਨੰ. 8
ਮੰਗਲਵਾਰ, 03 ਮਾਰਚ, 2020
(10.00 ਵਜੇ ਸਵੇਰ ਤੋਂ 5.10 ਵਜੇ ਸ਼ਾਮ ਤੱਕ)

1. ਪ੍ਰਸ਼ਨ

(ੳ) ਨਿਸ਼ਾਨ ਵਾਲੇ ਪ੍ਰਸ਼ਨ

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 16 | 04 | - | - | 23 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 05

2. ਸਪੀਕਰ ਦੁਆਰਾ ਐਲਾਨ

"ਮਿਤੀ 26.11.2019 ਨੂੰ ਭਾਰਤ ਦਾ ਸੰਵਿਧਾਨ ਦਿਵਸ ਮਨਾਉਣ ਦੇ ਮੌਕੇ ਤੇ ਹੋਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿਤ ਮੰਤਰੀ, ਪੰਜਾਬ ਵਲੋਂ ਭਾਰਤ ਦੇ ਸੰਵਿਧਾਨ ਦੀਆਂ ਕਾਪੀਆਂ ਮਾਨਯੋਗ ਮੈਂਬਰਾਂ ਨੂੰ ਦੇਣ ਲਈ ਇੱਛਾ ਜ਼ਾਹਿਰ ਕੀਤੀ ਗਈ ਸੀ ਅਤੇ ਇਸ ਬਾਰੇ ਸਮੂਹ ਸਦਨ ਦੀ ਇੱਛਾ ਨੂੰ ਧਿਆਨ ਵਿੱਚ ਰੱਖਦਿਆਂ ਚੇਅਰ ਵਲੋਂ ਸਹਿਮਤੀ ਪ੍ਰਗਟਾਈ ਗਈ ਸੀ। ਹੁਣ ਮੈਨੂੰ ਸਦਨ ਨੂੰ ਸੂਚਿਤ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬ ਵਿਧਾਨ ਸਭਾ ਸਕੱਤਰੇਤ ਦੁਆਰਾ ਲੋਕ ਸਭਾ ਸਕੱਤਰੇਤ ਨਾਲ ਰਾਬਤਾ ਕਾਇਮ ਕਰਦੇ ਹੋਏ ਮਾਨਯੋਗ ਮੈਂਬਰਾਂ ਲਈ ਸੰਵਿਧਾਨ ਦੀਆਂ ਕੈਲੀਗ੍ਰਾਫਡ ਕਾਪੀਆਂ ਮੰਗਵਾ ਲਈਆਂ ਗਈਆਂ ਹਨ ਅਤੇ ਇਸ ਸਦਨ ਦੇ ਹਰ ਇਕ ਮਾਨਯੋਗ ਮੈਂਬਰ ਨੂੰ ਭਾਰਤ ਦੇ ਸੰਵਿਧਾਨ ਦੀ ਇਕ ਇਕ ਕੈਲੀਗ੍ਰਾਫਡ ਕਾਪੀ ਮੁਹੱਈਆ ਕਰਵਾਈ ਜਾ ਰਹੀ ਹੈ।"

3. ਵਾਕ ਆਊਟ

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਮੁੱਦੇ ਤੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।

4. ਧਿਆਨ ਦਿਵਾਊ ਨੋਟਿਸ

1. ਸਰਦਾਰ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ. ਵਲੋਂ ਤਰਕਸ਼ੀਲ ਚੌਂਕ ਤੋਂ ਸੰਘੇੜਾ ਬਾਈਪਾਸ ਅਤੇ ਸੰਘੇੜਾ ਬਾਈਪਾਸ ਤੋਂ ਸੰਧੂ ਪੱਤੀ ਚੌਂਕ (ਅੰਦਰਲੀ ਸੰਘੇੜਾ ਸੜਕ) ਸੜਕਾਂ ਦੇ ਅਧੂਰੇ ਪਏ ਕੰਮ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 53)

ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਨੇ ਜਵਾਬ ਦਿੱਤਾ।

2. ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ.ਵਲੋਂ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਵਿੱਚ ਨਹਿਰੀ ਪਾਣੀ ਦੀ ਸਮੱਸਿਆ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 56)

ਸਿੰਚਾਈ ਮੰਤਰੀ ਨੇ ਜਵਾਬ ਦਿੱਤਾ।

3. ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ ਵਲੋਂ ਸਰਕਾਰੀ ਵੋਲਵੋ ਬੱਸਾਂ ਦਿੱਲੀ ਏਅਰਪੋਰਟ ਤੋਂ ਨਹੀਂ ਚੱਲ ਰਹੀਆਂ ਹਨ ਜਿਸ ਕਾਰਨ ਰੋਜ਼ਾਨਾ ਯਾਤਰੀਆਂ ਖਾਸ ਤੌਰ ਤੇ ਪ੍ਰਵਾਸੀ ਭਾਰਤੀਆਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆਂ ਮੁਸ਼ਕਲਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 58)

ਟਰਾਂਸਪੋਰਟ ਮੰਤਰੀ ਨੇ ਜਵਾਬ ਦਿੱਤਾ।

5. ਰਿਪੋਰਟਾਂ ਪੇਸ਼ ਕਰਨਾ

1. ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਹਰਦਿਆਲ ਸਿੰਘ ਕੰਬੋਜ) ਨੇ ਸਾਲ 2019-20 ਲਈ ਸਕੂਲ ਸਿੱਖਿਆ, ਪੰਜਾਬ ਦੇ ਵਿਭਾਗ ਨਾਲ ਸਬੰਧਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

2. ਅਧੀਨ ਵਿਧਾਨ ਕਮੇਟੀ ਦੇ ਸਭਾਪਤੀ (ਸਰਦਾਰ ਤਰਸੇਮ ਸਿੰਘ ਡੀ.ਸੀ) ਨੇ ਸਾਲ 2019-20 ਲਈ ਅਧੀਨ ਵਿਧਾਨ ਕਮੇਟੀ ਦੀ 43ਵੀਂ ਰਿਪੋਰਟ ਪੇਸ਼ ਕੀਤੀ।

3. ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ) ਨੇ ਨਿਮਨਲਿਖਤ ਰਿਪੋਰਟਾਂ ਪੇਸ਼ ਕੀਤੀਆਂ:

ੳ) ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਪੰਚਾਇਤੀ ਰਾਜ ਇਕਾਈਆਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਆਡਿਟ) ਸਾਲ 2015-16 ਦੇ ਵੱਖ-ਵੱਖ ਪੈਰ੍ਹਿਆਂ ਤੇ ਕਮੇਟੀ ਦੀ 20ਵੀਂ ਰਿਪੋਰਟ ; ਅਤੇ

(ਅ) ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਆਡਿਟ) ਸਾਲ 2015-16 ਦੇ ਵੱਖ-ਵੱਖ ਪੈਰ੍ਹਿਆਂ ਤੇ ਕਮੇਟੀ ਦੀ 21ਵੀਂ ਰਿਪੋਰਟ।

ਰਿਪੋਰਟ ਪੇਸ਼ ਕਰਦੇ ਹੋਏ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਸਭਾਪਤੀ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ 02 ਮਿੰਟ ਲਈ ਬੋਲੇ।

6. <u>ਵਾਕ ਆਊਟ</u>

ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕੀਤੇ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

7. <u>ਸਾਲ 2020-21 ਲਈ ਬਜਟ ਅਨੁਮਾਨ</u>

<u>ਸਾਲ 2020-21 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ</u>

ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਸੁਰਜੀਤ ਸਿੰਘ ਧੀਮਾਨ, ਇੰਡੀਅਨ ਨੈਸ਼ਨਲ ਕਾਂਗਰਸ | 05 ਮਿੰਟ |
| 2. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 19 ਮਿੰਟ |
| 3. | ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਆਮ ਆਦਮੀ ਪਾਰਟੀ | 06 ਮਿੰਟ |
| 4. | ਸ਼੍ਰੀ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ | 11 ਮਿੰਟ |
| 5. | ਸਰਦਾਰ ਗੁਰਕੀਰਤ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ | 14 ਮਿੰਟ |
| 6. | ਸ਼੍ਰੀ ਪਵਨ ਕੁਮਾਰ ਟੀਨੂ, ਸ਼੍ਰੋਮਣੀ ਅਕਾਲੀ ਦਲ | 14 ਮਿੰਟ |
| 7. | ਸਰਦਾਰ ਸਿਮਰਜੀਤ ਸਿੰਘ ਬੈਂਸ, ਲੋਕ ਇਨਸਾਫ਼ ਪਾਰਟੀ | 08 ਮਿੰਟ |
| 8. | ਸਰਦਾਰ ਰਜਿੰਦਰ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 09 ਮਿੰਟ |
| 9. | ਸ਼੍ਰੀ ਰਜਿੰਦਰ ਬੇਰੀ, ਇੰਡੀਅਨ ਨੈਸ਼ਨਲ ਕਾਂਗਰਸ | 09 ਮਿੰਟ |
| 10. | ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 11. | ਸ਼੍ਰੀ ਰਮਿੰਦਰ ਸਿੰਘ ਆਵਲਾ, ਇੰਡੀਅਨ ਨੈਸ਼ਨਲ ਕਾਂਗਰਸ | 07 ਮਿੰਟ |
| 12. | ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਸਲਾਹਕਾਰ/ਮੁੱਖ ਮੰਤਰੀ | 30 ਮਿੰਟ |
| 13. | ਸਰਦਾਰ ਬਲਦੇਵ ਸਿੰਘ ਕਲਿਆਣ, ਆਮ ਆਦਮੀ ਪਾਰਟੀ | 09 ਮਿੰਟ |
| 14. | ਸ਼੍ਰੀ ਐਨ.ਕੇ.ਸ਼ਰਮਾ, ਸ਼੍ਰੋਮਣੀ ਅਕਾਲੀ ਦਲ | 06 ਮਿੰਟ |
| 15. | ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ | 14 ਮਿੰਟ |
| 16. | ਸ਼੍ਰੀ ਦਲਵੀਰ ਸਿੰਘ ਗੋਲਡੀ, ਇੰਡੀਅਨ ਨੈਸ਼ਨਲ ਕਾਂਗਰਸ | 10 ਮਿੰਟ |
| 17. | ਸ਼੍ਰੀ ਦਰਸ਼ਨ ਲਾਲ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 18. | ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸ਼੍ਰੋਮਣੀ ਅਕਾਲੀ ਦਲ | 15 ਮਿੰਟ |
| 19. | ਸਰਦਾਰ ਅੰਗਦ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 10 ਮਿੰਟ |
| 20. | ਸ਼੍ਰੀ ਮਦਨ ਲਾਲ ਜਲਾਲਪੁਰ, ਇੰਡੀਅਨ ਨੈਸ਼ਨਲ ਕਾਂਗਰਸ | 12 ਮਿੰਟ |
| 21. | ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ | 19 ਮਿੰਟ |

(ੳ) ਬਹਿਸ ਵਿੱਚ ਹਿੱਸਾ ਲੈਂਦੇ ਹੋਏ ਮੁੱਖ ਮੰਤਰੀ 11 ਮਿੰਟ ਲਈ ਬੋਲੇ।

(ਅ) ਬਹਿਸ ਦਾ ਜਵਾਬ ਦਿੰਦੇ ਹੋਏ ਵਿੱਤ ਮੰਤਰੀ 49 ਮਿੰਟ ਲਈ ਬੋਲੇ।

8. <u>ਸਦਨ ਦਾ ਸਮਾਂ ਵਧਾਉਣਾ</u>

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਬੈਠਕ ਦਾ ਸਮਾਂ ਬਜਟ ਅਨੁਮਾਨਾਂ ਤੇ ਬਹਿਸ ਅਤੇ ਵਿੱਤ ਮੰਤਰੀ ਦਾ ਜਵਾਬ ਖਤਮ ਹੋਣ ਤੱਕ ਵਧਾਇਆ ਗਿਆ।

ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ 12.24 ਵਜੇ ਬਾਅਦ ਦੁਪਹਿਰ ਤੋਂ 12.27 ਵਜੇ ਬਾਅਦ ਦੁਪਹਿਰ ਤੱਕ ਅਤੇ ਮਾਨਯੋਗ ਡਿਪਟੀ ਸਪੀਕਰ ਨੇ 12.27 ਵਜੇ ਬਾਅਦ ਦੁਪਹਿਰ ਤੋਂ 1.12 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਬੁੱਧਵਾਰ ਮਿਤੀ 04 ਮਾਰਚ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ;
3 ਮਾਰਚ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।